# ਬੀ.ਸੀ. ਵਿੱਚ ਫਾਰਮੇਸੀ ਸੇਵਾਵਾਂ

## Pharmacy services in B.C.

**Last updated**: June 2026

ਫਾਰਮਾਸਿਸਟ ਤੁਹਾਡੀ ਸਿਹਤ ਸੰਭਾਲ ਟੀਮ ਦਾ ਇੱਕ ਮਹੱਤਵਪੂਰਨ ਹਿੱਸਾ ਹਨ ਅਤੇ ਕਈ ਤਰ੍ਹਾਂ ਦੀਆਂ ਸੇਵਾਵਾਂ ਪੇਸ਼ ਕਰਦੇ ਹਨ।

## ਇਸ ਪੰਨੇ 'ਤੇ:


- ਫਾਰਮਾਸਿਸਟ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਨ
- ਕਿਸੇ ਮਾਮੂਲੀ ਬਿਮਾਰੀ ਲਈ ਸਹਾਇਤਾ ਪ੍ਰਾਪਤ ਕਰੋ
- ਗਰਭ ਨਿਰੋਧਕ ਪ੍ਰਾਪਤ ਕਰੋ (ਜਨਮ ਨਿਯੰਤਰਣ)
- ਟੀਕਾਕਰਨ ਅਤੇ ਤਜਵੀਜ਼ ਕੀਤੀਆਂ ਦਵਾਈਆਂ ਦੇ ਟੀਕੇ ਪ੍ਰਾਪਤ ਕਰੋ
- ਪ੍ਰਿਸਕ੍ਰਿਪਸ਼ਨ ਬਦਲੋ ਜਾਂ ਐਮਰਜੈਂਸੀ ਸਪਲਾਈ ਪ੍ਰਾਪਤ ਕਰੋ
- ਆਪਣੀਆਂ ਦਵਾਈਆਂ ਦੀ ਸਮੀਖਿਆ ਅਤੇ ਪ੍ਰਬੰਧਨ ਕਰੋ
- ਬੀਸੀ ਫਾਰਮਾਕੇਅਰ ਦੇ ਅਧੀਨ ਕਵਰੇਜ ਪ੍ਰਾਪਤ ਕਰੋ
- ਮੇਰੇ ਕੁਝ ਸਵਾਲ ਹਨ


## ਫਾਰਮਾਸਿਸਟ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਨ

ਫਾਰਮਾਸਿਸਟ ਪ੍ਰਿਸਕ੍ਰਿਪਸ਼ਨਾਂ ਬਾਰੇ ਸਲਾਹ-ਮਸ਼ਵਰਾ ਕਰ ਸਕਦੇ ਹਨ ਅਤੇ ਉਨ੍ਹਾਂ ਵਿੱਚ ਲਿਖੀਆਂ ਦਵਾਈਆਂ ਦੇ ਸਕਦੇ ਹਨ। ਉਹ ਇਹ ਵੀ ਕਰ ਸਕਦੇ ਹਨ:

- 21 ਮਾਮੂਲੀ ਬਿਮਾਰੀਆਂ (ਉਦਾਹਰਣ ਵਜੋਂ, ਪਿਸ਼ਾਬ ਦੀ ਨਾਲੀ ਦੀਆਂ ਸਧਾਰਨ ਲਾਗਾਂ (UTIs), ਐਲਰਜੀਆਂ, ਪਿੰਕ ਆਈ, ਡਰਮੇਟਾਇਟਸ ਅਤੇ ਨਿਕੋਟੀਨ ਨਿਰਭਰਤਾ ਲਈ ਮੁਲਾਂਕਣ ਕਰਨਾ ਅਤੇ ਪ੍ਰਿਸਕ੍ਰਿਪਸ਼ਨ ਦੇਣਾ
- ਗਰਭ ਨਿਰੋਧਕਾਂ ਲਈ ਪ੍ਰਿਸਕ੍ਰਿਪਸ਼ਨਾਂ ਲਿਖਣਾ ਅਤੇ ਗਰਭ ਨਿਰੋਧਕ ਦੇਣਾ (ਜਨਮ ਨਿਯੰਤਰਣ)
- ਕੁਝ ਪ੍ਰਿਸਕ੍ਰਿਪਸ਼ਨਾਂ ਨੂੰ ਰੀਨਿਊ ਕਰਨਾ ਜਾਂ ਬਦਲਣਾ
- ਤੁਹਾਡੀ ਪ੍ਰਿਸਕ੍ਰਿਪਸ਼ਨ ਦੀ ਐਮਰਜੈਂਸੀ ਸਪਲਾਈ ਪ੍ਰਦਾਨ ਕਰਨਾ

- ਟੀਕੇ ਦੁਆਰਾ ਵੈਕਸੀਨਾਂ ਅਤੇ ਹੋਰ ਦਵਾਈਆਂ ਦੇਣਾ
- ਤੁਹਾਡੀਆਂ ਦਵਾਈਆਂ ਅਤੇ ਓਵਰ-ਦੀ-ਕਾਊਂਟਰ ਉਤਪਾਦਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਮਦਦ ਕਰਨਾ

ਫਾਰਮਾਸਿਸਟ ਲਾਇਸੰਸਸ਼ੁਦਾ ਸਿਹਤ ਸੰਭਾਲ ਪੇਸ਼ੇਵਰ ਹੁੰਦੇ ਹਨ। ਉਹ ਫੈਮਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਵਾਂਗ ਹੀ ਗੁਪਤਤਾ ਨਿਯਮਾਂ ਦੇ ਅਧੀਨ ਹਨ। ਤੁਹਾਡੀ ਸਿਹਤ ਜਾਣਕਾਰੀ ਅਤੇ ਗੱਲਬਾਤ ਨਿੱਜੀ ਅਤੇ ਗੁਪਤ ਹਨ।

ਫਾਰਮੇਸੀਆਂ ਦਵਾਈਆਂ ਅਤੇ ਉਨ੍ਹਾਂ ਨੂੰ ਦੇਣ ਲਈ ਵੱਖ-ਵੱਖ ਰਕਮਾਂ ਲੈਂਦੀਆਂ ਹਨ। ਪ੍ਰਿਸਕ੍ਰਿਪਸ਼ਨ ਵਿੱਚ ਲਿੱਖੀਆਂ ਦਵਾਈਆਂ ਲੈਣ ਤੋਂ ਪਹਿਲਾਂ ਤੁਸੀਂ ਕੀਮਤਾਂ ਅਤੇ ਸੇਵਾਵਾਂ ਦੀ ਤੁਲਨਾ ਕਰ ਸਕਦੇ ਹੋ।

ਆਪਣੀ ਆਮਦਨ ਦੇ ਆਧਾਰ 'ਤੇ ਦਵਾਈ ਲਈ ਕਵਰੇਜ ਪ੍ਰਾਪਤ ਕਰਨ ਲਈ ਬੀ.ਸੀ. ਦੀ ਫ਼ੇਅਰ ਫਾਰਮਾਕੇਅਰ ਪਲਾਨ ਲਈ ਹੁਣੇ ਰਜਿਸਟਰ ਕਰੋ । ਰਜਿਸਟਰ ਕਰਨ ਲਈ ਕੁਝ ਮਿੰਟ ਲੱਗਦੇ ਹਨ, ਅਤੇ ਕਵਰੇਜ ਜੀਵਨ ਭਰ ਲਈ ਹੈ।

## ਫਾਰਮੇਸੀ ਵਿੱਚ ਕੀ ਲਿਆਉਣਾ ਹੈ

- ਸਰਕਾਰ ਦੁਆਰਾ ਜਾਰੀ ਕੀਤੀ ਗਈ ID, ਜਿਵੇਂ ਕਿ ਤੁਹਾਡਾ ਬੀਸੀ ਸਰਵਿਸਿਜ਼ ਕਾਰਡ
- ਤੁਹਾਡਾ ਪਰਸਨਲ ਹੈਲਥ ਨੰਬਰ (PHN)

https://www2.gov.bc.ca/gov/content?id=68E2026B228948D1835B091AA6415F91

---

# ਕਿਸੇ ਮਾਮੂਲੀ ਬਿਮਾਰੀ ਲਈ ਸਹਾਇਤਾ ਪ੍ਰਾਪਤ ਕਰੋ

ਫਾਰਮਾਸਿਸਟ 21 ਮਾਮੂਲੀ ਬਿਮਾਰੀਆਂ ਜਿਵੇਂ ਕਿ ਪਿਸ਼ਾਬ ਦੀ ਨਾਲੀ ਦੀਆਂ ਸਧਾਰਨ ਲਾਗਾਂ (UTIs), ਐਲਰਜੀਆਂ, ਪਿੰਕ ਆਈ (ਕੰਜੰਕਟਿਵਾਇਟਿਸ), ਡਰਮੇਟਾਇਟਸ ਅਤੇ ਨਿਕੋਟੀਨ ਨਿਰਭਰਤਾ ਲਈ ਮੁਲਾਂਕਣ ਅਤੇ ਇਲਾਜ ਕਰ ਸਕਦੇ ਹਨ। ਇਹ ਸੇਵਾ ਬੀ.ਸੀ. ਨਿਵਾਸੀਆਂ ਲਈ ਮੁਫਤ ਹੈ ਜਦੋਂ ਵਿਅਕਤੀਗਤ ਤੌਰ 'ਤੇ, ਫਾਰਮੇਸੀ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ।

ਤੁਹਾਡੀ ਵਿਜ਼ਿਟ ਵਿੱਚ ਸ਼ਾਮਲ ਹੋ ਸਕਦੇ ਹਨ:

- ਪ੍ਰਿਸਕ੍ਰਿਪਸ਼ਨ
- ਸਵੈ-ਪ੍ਰਬੰਧਨ ਜਾਂ ਓਵਰ-ਦੀ-ਕਾਊਂਟਰ ਦਵਾਈ ਲਈ ਸਲਾਹ
- ਕਿਸੇ ਹੋਰ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲਣ ਦੀ ਸਿਫਾਰਸ਼

## ਮਾਮੂਲੀ ਬਿਮਾਰੀਆਂ ਦੀ ਸਵੈ-ਮੁਲਾਂਕਣ ਚੈੱਕਲਿਸਟ

ਜੇਕਰ ਤੁਹਾਡੇ ਲੱਛਣ ਹੇਠਾਂ ਦਿੱਤੀ ਗਈ ਕਿਸੇ ਮਾਮੂਲੀ ਬਿਮਾਰੀ ਨਾਲ ਮੈਚ ਕਰਦੇ ਹਨ, ਤਾਂ ਤੁਸੀਂ ਮੁਲਾਂਕਣ ਲਈ ਅਪਾਇੰਟਮੈਂਟ ਬੁੱਕ ਕਰ ਸਕਦੇ ਹੋ ਜਾਂ ਫਾਰਮੇਸੀ ਜਾ ਸਕਦੇ ਹੋ। ਇਸ ਮੁਲਾਂਕਣ ਨੂੰ ਮਾਇਨਰ ਏਲਮੈਂਟ ਐਂਡ ਕੌਂਟ੍ਰਾਸੈਪਸ਼ਨ ਸਰਵਿਸ (Minor Ailment and Contraception Service) ਕਿਹਾ ਜਾਂਦਾ ਹੈ। ਪੇਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਫਾਰਮਾਸਿਸਟ ਦੀ ਉਪਲਬਧਤਾ, ਸਥਾਨ ਅਨੁਸਾਰ ਵੱਖ-ਵੱਖ ਹੋ ਸਕਦੀ ਹੈ।

[ਅਪਾਇੰਟਮੈਂਟ ਬੁੱਕ ਕਰੋ]

ਗੰਭੀਰ ਲੱਛਣਾਂ ਜਾਂ ਮੈਡੀਕਲ ਐਮਰਜੈਂਸੀਆਂ ਲਈ, ਫੌਰੀ ਡਾਕਟਰੀ ਸਹਾਇਤਾ ਲਓ ਜਾਂ 9-1-1ਨੂੰ ਫੋਨ ਕਰੋ।

**ਮੁਹਾਸੇ (Acne) (ਹਲਕੇ)**

- ਵ੍ਹਾਈਟਹੈੱਡਜ਼ ਅਤੇ/ਜਾਂ ਬਲੈਕਹੈੱਡਜ਼, ਜਾਂ
- ਛੋਟੇ ਲਾਲ ਦਾਣੇ ਅਤੇ ਪਸ ਨਾਲ ਭਰੇ ਹੋਏ ਮੁਹਾਸੇ

ਐਕਨੀ ਬਾਰੇ ਹੋਰ ਪੜ੍ਹੋ

**ਐਲਰਜੀਆਂ ਅਤੇ ਹੇ ਫੀਵਰ**

ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵੱਧ, ਜ਼ੁਕਾਮ ਜਾਂ ਫਲੂ ਵਰਗੀ ਲਾਗ ਨਾਲ ਸੰਬੰਧਿਤ ਨਹੀਂ:

- ਨੱਕ ਬੰਦ ਹੋਣਾ ਜਾਂ ਨੱਕ ਵੱਗਣਾ (ਆਮ ਤੌਰ 'ਤੇ ਸਾਫ਼ ਅਤੇ ਪਾਣੀ ਵਾਲਾ)
- ਛਿੱਕਣਾ
- ਨੱਕ, ਅੱਖਾਂ, ਅਤੇ/ਜਾਂ ਗਲੇ ਵਿੱਚ ਖਾਰਸ਼

ਐਲਰਜੀਆਂ (ਐਲਰਜਿਕ ਰਾਈਨਾਈਟਿਸ) ਬਾਰੇ ਹੋਰ ਪੜ੍ਹੋ

**ਕੈਂਕਰ ਛਾਲੇ (ਮੂੰਹ ਦੇ ਛਾਲੇ)**

- ਮੂੰਹ, ਗੱਲ੍ਹ ਦੀ ਅੰਦਰਲੀ ਲਾਈਨਿੰਗ ਜਾਂ ਜੀਭ 'ਤੇ ਛੋਟੇ, ਘੱਟ ਡੂੰਘੇ, ਦਰਦਨਾਕ, ਵਾਰ-ਵਾਰ ਹੋਣ ਵਾਲੇ ਛਾਲੇ
- ਆਮ ਤੌਰ 'ਤੇ ਜ਼ਖਮਾਂ ਦੇ ਚਿੱਟੇ ਜਾਂ ਪੀਲੇ ਕੇਂਦਰ ਦੇ ਨਾਲ ਲਾਲ ਬਾਰਡਰ ਹੁੰਦਾ ਹੈ

ਕੈਂਕਰ ਛਾਲਿਆਂ ਬਾਰੇ ਹੋਰ ਪੜ੍ਹੋ

**ਕੋਲਡ ਸੋਰ**

- ਬੁੱਲ੍ਹਾਂ ਦੇ ਬਾਰਡਰ 'ਤੇ ਖੁਜਲੀ, ਝਰਨਾਹਟ, ਜਾਂ ਜਲਣ ਦੇ ਨਾਲ ਸ਼ੁਰੂ ਹੁੰਦੇ ਹਨ
- ਤਰਲ ਨਾਲ ਭਰੇ, ਦਰਦਨਾਕ ਛਾਲਿਆਂ ਦਾ ਇੱਕ ਸਮੂਹ ਜਲਦੀ ਹੀ ਦਿਖਾਈ ਦਿੰਦਾ ਹੈ (ਆਮ ਤੌਰ 'ਤੇ 24 ਘੰਟਿਆਂ ਦੇ ਅੰਦਰ), ਲਾਲੀ ਨਾਲ ਘਿਰਿਆ ਹੋਇਆ
- ਫਿਰ ਛਾਲੇ ਫੱਟ ਜਾਂਦੇ ਹਨ, ਉਨ੍ਹਾਂ 'ਤੇ ਪਪੜੀ ਬਣ ਜਾਂਦੀ ਹੈ, ਅਤੇ ਉਹ ਆਮ ਤੌਰ 'ਤੇ 7-10 ਦਿਨਾਂ ਦੇ ਅੰਦਰ ਠੀਕ ਹੋ ਜਾਂਦੇ ਹਨ

ਕੋਲਡ ਸੋਰਾਂ ਬਾਰੇ ਹੋਰ ਪੜ੍ਹੋ

**ਫੰਗਲ ਲਾਗਾਂ**

ਜੌਕ ਇੱਚ:

- ਉੱਭਰੇ ਹੋਏ ਜਾਂ ਪਪੜੀ ਵਾਲੇ, ਸਪਸ਼ੱਟ ਕਿਨਿਰਿਆਂ ਵਾਲੇ ਵੱਡੇ, ਗੋਲ, ਲਾਲ ਪੈਚ।
- ਆਮ ਤੌਰ 'ਤੇ ਉੱਪਰਲੇ ਅੰਦਰੂਨੀ ਪੱਟ ਜਾਂ ਪੇਟ ਅਤੇ ਪੱਟ ਦੇ ਮਿਲਣ ਵਾਲੇ ਖੇਤਰ 'ਤੇ। ਚਿੱਤੜਾਂ ਜਾਂ ਪੇਟ/ਢਿੱਡ ਤੱਕ ਫੈਲ ਸਕਦੀ ਹੈ
- ਆਮ ਤੌਰ 'ਤੇ ਖੁਜਲੀ, ਜਲਣ

ਅਥਲੀਟਸ ਫੁੱਟ:

- ਆਮ ਤੌਰ 'ਤੇ ਪੈਰਾਂ ਦੀਆਂ ਉਂਗਲੀਆਂ ਦੇ ਵਿਚਕਾਰ ਹੁੰਦਾ ਹੈ ਪਰ ਪੈਰਾਂ ਦੇ ਹੋਰ ਹਿੱਸਿਆਂ 'ਤੇ ਵੀ ਹੋ ਸਕਦਾ ਹੈ
- ਖਾਰਸ਼ ਵਾਲੀ, ਫਟੀ ਹੋਈ ਜਾਂ ਪਪੜੀਦਾਰ, ਸੋਜਸ਼ ਜਾਂ ਛਾਲੇ ਵਾਲੀ ਚਮੜੀ ਹੋ ਸਕਦੀ ਹੈ ਜਿਸ 'ਤੇ ਜਲਣ ਅਤੇ/ਜਾਂ ਦਰਦ ਹੁੰਦੀ ਹੈ

ਦਾਦ (ਰਿੰਗਵਰਮ):

- ਉੱਭਰਿਆ ਹੋਇਆ ਜਾਂ ਪਪੜੀ ਵਾਲਾ, ਸਪਸ਼ੱਟ ਕਿਨਾਰਿਆਂ ਵਾਲਾ ਵੱਡਾ, ਗੋਲ, ਲਾਲ ਪੈਚ ਜੋ ਆਮ ਤੌਰ 'ਤੇ ਗਰਦਨ, ਧੜ ਜਾਂ ਲੱਤਾਂ/ਬਾਹਵਾਂ 'ਤੇ ਹੁੰਦਾ ਹੈ
- ਖਾਰਸ਼ ਜਾਂ ਜਲਣ ਮਹਿਸੂਸ ਹੋ ਸਕਦੀ ਹੈ

ਨਹੁੰਆਂ ਦੀ ਲਾਗ:

- ਹੱਥਾਂ ਦੇ ਨਹੁੰਆਂ ਜਾਂ ਪੈਰਾਂ ਦੇ ਨਹੁੰਆਂ ਵਿੱਚ ਹੋ ਸਕਦੀ ਹੈ
- ਆਮ ਤੌਰ 'ਤੇ ਨਹੁੰ ਦੇ ਸਿਰੇ ਤੋਂ ਸ਼ੁਰੂ ਹੋ ਕੇ ਪੂਰੇ ਨਹੁੰ ਤੱਕ ਫੈਲਣ ਵਾਲੀਆਂ ਪੀਲੇ/ਚਿੱਟੇ ਜਾਂ ਸੰਤਰੀ/ਭੂਰੇ-ਰੰਗ ਦੀਆਂ ਲੰਬਕਾਰੀ ਧਾਰੀਆਂ ਦੇ ਨਾਲ ਮੋਟੇ, ਭੁਰਭੁਰੇ ਨਹੁੰ
- ਦਰਦ ਜਾਂ ਬੇਅਰਾਮੀ ਹੋ ਸਕਦੀ ਹੈ

ਜੌਕ ਇਚ; ਅਥਲੀਟਸ ਫੁੱਟ; ਦਾਦ; ਨਹੁੰਆਂ ਦੀਆਂ ਫੰਗਲ ਲਾਗਾਂ ਬਾਰੇ ਹੋਰ ਪੜ੍ਹੋ

**ਸਿਰਦਰਦ**

- ਹਲਕਾ ਤੋਂ ਦਰਮਿਆਨਾ ਦਰਦ, ਸਿਰ ਦੇ ਪਾਸਿਆਂ 'ਤੇ ਅਤੇ ਮੱਥੇ ਦੇ ਪਾਰ ਜਕੜਨ, ਮਤਲੀ ਜਾਂ ਉਲਟੀਆਂ ਦੇ ਬਿਨਾਂ

ਸਿਰ ਦਰਦ ਬਾਰੇ ਹੋਰ ਪੜ੍ਹੋ

**ਛਾਤੀ ਦੀ ਜਲਣ (ਐਸਿਡ ਰੀਫਲਕਸ/GERD)**

- ਡਕਾਰ ਆਉਣਾ, ਪੇਟ ਦਾ ਤੇਜ਼ਾਬ (ਐਸਿਡ) ਪੇਟ ਤੋਂ ਮੂੰਹ ਵਿੱਚ ਉੱਪਰ ਆਉਣਾ
- ਪੇਟ ਜਾਂ ਛਾਤੀ ਦੇ ਹੇਠਲੇ ਹਿੱਸੇ ਵਿੱਚ ਜਲਣ ਮਹਿਸੂਸ ਹੋਣਾ ਜੋ ਗਰਦਨ ਤੱਕ ਵਧਦੀ ਹੈ

ਛਾਤੀ ਦੀ ਜਲਨ (ਗੈਸਟ੍ਰੋਈਸੋਫੇਜੀਅਲ ਰੀਫਲਕਸ ਡਿਜ਼ੀਜ਼/GERD )ਬਾਰੇ ਹੋਰ ਪੜ੍ਹੋ

**ਬਵਾਸੀਰ (Hemorrhoids)**

- ਖੁਜਲੀ, ਜਲਨ, ਸੋਜ (ਦਰਦ ਦੇ ਨਾਲ ਜਾਂ ਬਿਨਾਂ), ਜਾਂ ਭਗ/ਗੁਦੇ ਦੇ ਆਲੇ ਦੁਆਲੇ ਇੱਕ ਗੰਢ, ਅਤੇ/ਜਾਂ
- ਮਲ ਤਿਆਗ ਦੌਰਾਨ ਜਾਂ ਉਸ ਤੋਂ ਬਾਅਦ ਵਿੱਚ ਚਮਕਦਾਰ ਲਾਲ ਲਹੂ (ਟਾਇਲਟ ਪੇਪਰ 'ਤੇ ਹਲਕੇ ਨਿਸ਼ਾਨ ਜਾਂ ਟਾਇਲਟ ਬਾਊਲ ਵਿੱਚ ਖੂਨ ਦੀਆਂ ਬੂੰਦਾਂ ਹੋ ਸਕਦੀਆਂ ਹਨ)

ਬਵਾਸੀਰ ਬਾਰੇ ਹੋਰ ਪੜ੍ਹੋ

**ਛਪਾਕੀ ਅਤੇ ਖੁਜਲੀ, ਕੀੜਿਆਂ ਦੇ ਕੱਟਣ ਤੋਂ (ਅਰਟੀਕੇਰੀਆ) ਸਮੇਤ**

- ਛੋਟੇ-ਛੋਟੇ ਧੱਬੇ ਜਾਂ ਛਾਲੇ ਜੋ ਦਰਦਨਾਕ, ਖਾਰਸ਼ਦਾਰ ਅਤੇ/ਜਾਂ ਸੁੱਜੇ ਹੋਏ ਹੋ ਸਕਦੇ ਹਨ
- ਤੇਜ਼ ਜਲਣ ਵਾਲੇ ਦਰਦ ਜਾਂ ਡੰਗਣ ਵਰਗਾ ਮਹਿਸੂਸ ਹੋ ਸਕਦਾ ਹੈ

ਖੁਸ਼ਕ ਚਮੜੀ ਅਤੇ ਖੁਜਲੀ ਬਾਰੇ ਹੋਰ ਪੜ੍ਹੋ

**ਇਮਪੇਟੀਗੋ (Impetigo)**

- ਚਮੜੀ 'ਤੇ ਛੋਟੇ-ਛੋਟੇ ਛਾਲੇ ਜਿੰਨ੍ਹਾਂ ਵਿੱਚੋਂ ਤਰਲ ਰਿਸਦਾ ਹੈ, ਫਿਰ ਪੀਲੀ-ਭੂਰੀ ਪਪੜੀ ਬਣਨ ਲਈ ਸੁੱਕ ਜਾਂਦੇ ਹਨ
- ਆਮ ਤੌਰ 'ਤੇ ਨੱਕ ਅਤੇ ਮੂੰਹ ਦੇ ਆਲੇ-ਦੁਆਲੇ ਦਿਖਾਈ ਦਿੰਦਾ ਹੈ
- ਖਾਰਸ਼ ਹੋ ਸਕਦੀ ਹੈ, ਪਰ ਆਮ ਤੌਰ 'ਤੇ ਦਰਦਨਾਕ ਨਹੀਂ ਹੁੰਦੇ

ਇਮਪੇਟੀਗੋ ਬਾਰੇ ਹੋਰ ਪੜ੍ਹੋ

**ਮਾਹਵਾਰੀ ਦਾ ਦਰਦ**

- ਪੇਟ ਦੇ ਹੇਠਲੇ ਹਿੱਸੇ/ਢਿੱਡ ਵਿੱਚ ਦਰਦ ਅਤੇ ਕੜਵੱਲ, ਅਤੇ/ਜਾਂ
- ਮਹਾਵਾਰੀ ਤੋਂ ਪਹਿਲਾਂ ਜਾਂ ਉਸਦੇ ਦੌਰਾਨ ਪਿੱਠ ਦੇ ਹੇਠਲੇ ਹਿੱਸੇ ਵਿੱਚ ਦਰਦ

ਮਾਹਵਾਰੀ ਦੇ ਕੜਵੱਲਾਂ ਬਾਰੇ ਹੋਰ ਪੜ੍ਹੋ

**ਨਿਕੋਟੀਨ ਨਿਰਭਰਤਾ**

ਫਾਰਮਾਸਿਸਟ ਸਿਗਰੇਟਾਂ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਵਰਤੋਂ ਕਰਨਾ ਛੱਡਣ ਵਿੱਚ ਮਦਦ ਕਰ ਸਕਦਾ ਹੈ।

ਫਾਰਮਾਸਿਸਟ ਤੁਹਾਨੂੰ ਬੀਸੀ ਫਾਰਮਾਕੇਅਰ ਦੁਆਰਾ ਕਵਰ ਕੀਤੇ ਜਾਣ ਵਾਲੇ ਨਿਕੋਟੀਨ ਪੈਚਾਂ, ਲੋਜ਼ੈਂਜਿਜ਼ ਜਾਂ ਗਮ ਦੇ 12-ਹਫ਼ਤੇ ਦੇ ਮੁਫ਼ਤ ਕੋਰਸ 'ਤੇ ਸ਼ੁਰੂ ਕਰ ਸਕਦੇ ਹਨ। ਤੰਬਾਕੂ ਛੱਡਣ ਵਿੱਚ ਮਦਦ ਪ੍ਰਾਪਤ ਕਰੋ 'ਤੇ ਹੋਰ ਜਾਣੋ।

ਉਹ ਮੂੰਹ ਰਾਹੀਂ ਲੈਣ ਵਾਲੀਆਂ ਦਵਾਈਆਂ ਵੈਰੇਨਿਕਲਾਈਨ (varenicline) ਜਾਂ ਬਿਊਪ੍ਰੋਪੀਅਨ (bupropion) ਵੀ ਲਿਖ ਸਕਦੇ ਹਨ, ਜੋ ਬੀਸੀ ਫਾਰਮਾਕੇਅਰ ਦੁਆਰਾ ਕਵਰ ਕੀਤੀਆਂ ਜਾਂਦੀਆਂ ਹਨ। ਜੇਕਰ ਤੁਸੀਂ ਫ਼ੇਅਰ ਫ਼ਾਰਮਾਕੇਅਰ ਪਲਾਨ ਲਈ ਔਨਲਾਈਨ ਜਾਂ ਫ਼ੋਨ 'ਤੇ ਰਜਿਸਟਰ ਕਰਦੇ ਹੋ ਤਾਂ ਤੁਹਾਨੂੰ ਤੁਰੰਤ ਕਵਰ ਕੀਤਾ ਜਾਂਦਾ ਹੈ। https://www2.gov.bc.ca/gov/content/health/health-drug-coverage/pharmacare-for-bc-residents/who-we-cover

ਤੰਬਾਕੂ ਉਤਪਾਦਾਂ/ਸਿਗਰਟਨੋਸ਼ੀ ਨੂੰ ਕਿਵੇਂ ਛੱਡਣਾ ਹੈ ਬਾਰੇ ਹੋਰ ਪੜ੍ਹੋ

**ਪਿੰਕ ਆਈ (ਕੰਜੰਕਟੀਵਾਇਟਿਸ)**

- ਲਾਲ ਅੱਖ(ਖਾਂ) ਅਤੇ ਪਾਣੀ ਵਾਲਾ ਜਾਂ ਰੇਸ਼ੇ ਵਰਗਾ ਡਿਸਚਾਰਜ ਜੋ ਕਿ ਚਿੱਟਾ, ਪੀਲਾ ਜਾਂ ਹਰਾ ਹੈ, ਅਤੇ/ਜਾਂ
- ਖੁਰਕ, ਜਲਨ, ਖੁਜਲੀ, ਜਾਂ ਅੱਖ ਵਿੱਚ ਕੋਈ ਚੀਜ਼ ਦੇ ਰੜਕਣ ਦਾ ਅਨੁਭਵ

ਪਿੰਕ ਆਈ ਬਾਰੇ ਹੋਰ ਪੜ੍ਹੋ

**ਪਿੰਨਵਰਮਜ਼ (ਜਿਸਨੂੰ ਥ੍ਰੈਡਵਰਮਜ਼ ਵੀ ਕਿਹਾ ਜਾਂਦਾ ਹੈ)**

- ਗੁਦੇ ਵਿੱਚ ਖੁਜਲੀ ਅਤੇ ਢਿੱਡ ਵਿੱਚ ਦਰਦ ਆਮ ਹਨ, ਹਾਲਾਂਕਿ ਕੁਝ ਲੋਕਾਂ ਵਿੱਚ ਕੋਈ ਲੱਛਣ ਨਹੀਂ ਹੁੰਦੇ ਹਨ

ਨੋਟ: ਨਿਦਾਨ ਵਿੱਚ ਆਮ ਤੌਰ 'ਤੇ ਕੀੜਿਆਂ ਦਾ ਦ੍ਰਿਸ਼ਟੀਗਤ ਨਿਰੀਖਣ ਜਾਂ ਜਾਂਚ ਲਈ ਆਂਡਿਆਂ ਨੂੰ ਫਸਾਉਣ ਲਈ ਚਿਪਚਿਪੇ ਪਦਾਰਥ (ਟੇਪ) ਦੀ ਵਰਤੋਂ ਸ਼ਾਮਲ ਹੁੰਦੀ ਹੈ।

ਪਿੰਨਵਰਮਜ਼ ਬਾਰੇ ਹੋਰ ਪੜ੍ਹੋ

**ਸ਼ਿੰਗਲਜ਼**

- ਚਿਹਰੇ ਜਾਂ ਸਰੀਰ ਦੇ ਇੱਕ ਪਾਸੇ ਦਰਦਨਾਕ, ਛਾਲੇਦਾਰ ਧੱਫੜ, ਅਤੇ
- ਧੱਫੜ ਦਿਖਾਈ ਦੇਣ ਤੋਂ 1 ਤੋਂ 5 ਦਿਨ ਪਹਿਲਾਂ ਪ੍ਰਭਾਵਿਤ ਥਾਂ ਦੇ ਆਲੇ-ਦੁਆਲੇ ਦਰਦ, ਜਲਣ, ਝਰਨਾਹਟ ਜਾਂ ਸੁੰਨ ਹੋਣਾ

ਸ਼ਿੰਗਲਜ਼ ਬਾਰੇ ਹੋਰ ਪੜ੍ਹੋ

**ਚਮੜੀ 'ਤੇ ਧੱਫੜ (ਡਰਮੇਟਾਇਟਸ)**

ਡਾਇਪਰ ਰੈਸ਼ ਅਤੇ ਸੇਬੋਰੀਏਕ (seborrheic), ਕੌਂਨਟੈਕਟ, ਐਲਰਜਿਕ, ਅਤੇ ਐਟੋਪਿਕ ਡਰਮੇਟਾਇਟਸ ਸ਼ਾਮਲ ਹਨ। ਲੱਛਣਾਂ ਵਿੱਚ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵੱਧ ਸ਼ਾਮਲ ਹੋ ਸਕਦੇ ਹਨ:

- ਖੁਸ਼ਕ, ਲਾਲ ਅਤੇ ਖਾਰਸ਼ ਵਾਲੀ ਚਮੜੀ
- ਫਟੇ ਹੋਏ ਅਤੇ ਰਿਸਦੇ ਹੋਏ ਛਾਲੇ
- ਪਪੜੀ ਵਾਲੀ ਅਤੇ ਧੱਬੇਦਾਰ ਚਮੜੀ

ਐਗਜ਼ੀਮਾ (ਐਟੌਂਪਿਕ ਡਰਮੇਟਾਇਟਸ) ਅਤੇ ਐਲਰਜਿਕ ਪ੍ਰਤੀਕਿਰਿਆਵਾਂ ਬਾਰੇ ਹੋਰ ਪੜ੍ਹੋ

**ਮੋਚਾਂ ਅਤੇ ਖਿਚਾਅ**

- ਦਰਦ, ਸੋਜ ਜਾਂ ਨਰਮੀ (ਹਲਕੀ ਤੋਂ ਦਰਮਿਆਨੀ ਤੀਬਰਤਾ)
- ਲਾਲੀ ਜਾਂ ਨੀਲ
- ਮਾਸਪੇਸ਼ੀਆਂ ਦੀ ਕਮਜ਼ੋਰੀ ਦੇ ਨਾਲ ਹਰਕਤ ਦੀ ਸੀਮਤ ਰੇਂਜ
- ਜ਼ਿਆਦਾ ਕੰਮ ਕਰਨ ਜਾਂ ਖਿਚਾਅ ਨਾਲ ਜੁੜੀ ਸੱਟ

ਗਿੱਟੇ ਦੀਆਂ ਮੋਚਾਂ, ਟੈਂਡਨ ਦੀਆਂ ਸੱਟਾਂ, ਪਿੰਜਣੀ (Calf) ਦੀਆਂ ਮਾਸਪੇਸ਼ੀਆਂ ਦੀਆਂ ਸੱਟਾਂ, ਐਕਲਿਸ ਟੈਂਡਨ ਦੀਆਂ ਸਮੱਸਿਆਵਾਂ, ਗੋਡਿਆਂ ਦੀਆਂ ਸੱਟਾਂ, ਮਾਸਪੇਸ਼ੀਆਂ ਦੇ ਕੜਵੱਲਾਂ ਬਾਰੇ ਪੜ੍ਹੋ

**ਥਰਸ਼ (ਓਰਲ ਫੰਗਲ ਇਨਫੈਕਸ਼ਨ)**

- ਬੁੱਲ੍ਹਾਂ 'ਤੇ, ਮੂੰਹ ਦੇ ਅੰਦਰ, ਜੀਭ ਅਤੇ/ਜਾਂ ਮੂੰਹ ਦੀ ਛੱਤ 'ਤੇ ਚਿੱਟੇ ਜਾਂ ਕਰੀਮ-ਚਿੱਟੇ ਧੱਬੇ/ਪੈਚ
- ਕਾਟੇਜ ਪਨੀਰ ਵਰਗੀ ਦਿੱਖ
- ਪੈਚਾਂ ਨੂੰ ਖੁਰਚ ਕੇ ਹਟਾਇਆ ਕੀਤਾ ਜਾ ਸਕਦਾ ਹੈ
- ਮੂੰਹ ਸੁੱਕਣ ਅਤੇ/ਜਾਂ ਸੁਆਦ ਦੀ ਕਮੀ ਦਾ ਅਨੁਭਵ ਹੋ ਸਕਦਾ ਹੈ

ਥਰਸ਼ ਬਾਰੇ ਪੜ੍ਹੋ

**ਪੇਟ ਖਰਾਬ ਹੋਣਾ (ਬਦਹਜ਼ਮੀ)**

- ਛਾਤੀ ਵਿੱਚ ਜਲਨ, ਮਤਲੀ, ਆਫਰਿਆ ਹੋਏ ਪੇਟ, ਪੇਟ ਵਿੱਚ ਬੇਅਰਾਮੀ, ਖਾਣਾ ਖਾਣ ਤੋਂ ਤੁਰੰਤ ਬਾਅਦ ਭਰਿਆ ਮਹਿਸੂਸ ਹੋਣਾ, ਭੋਜਨ ਦੇ ਡਕਾਰ ਆਉਣਾ, ਪੇਟ ਵਿੱਚ ਤੇਜ਼ਾਬ ਜਾਂ ਗੈਸ
- ਬਦਹਜ਼ਮੀ (ਡਿਸਪੇਪਸੀਆ) ਬਾਰੇ ਪੜ੍ਹੋ

**ਪਿਸ਼ਾਬ ਦੀ ਨਾਲੀ ਦੀ ਲਾਗ (ਸਧਾਰਨ)**

- ਪਿਸ਼ਾਬ ਕਰਦੇ ਸਮੇਂ ਦਰਦ
- ਪਿਸ਼ਾਬ ਰੋਕਣ ਵਿੱਚ ਮੁਸ਼ਕਲ, ਵਾਰ-ਵਾਰ ਪਿਸ਼ਾਬ ਆਉਣਾ
- ਧੁੰਦਲਾ ਜਾਂ ਤੇਜ਼ ਗੰਧ ਵਾਲਾ ਪਿਸ਼ਾਬ

ਇੰਨ੍ਹਾਂ ਵਿੱਚ ਪਿਸ਼ਾਬ ਦੀ ਨਾਲੀ ਦੀਆਂ ਸਧਾਰਨ ਲਾਗਾਂ ਬਾਰੇ ਪੜ੍ਹੋ:

- ਕਿਸ਼ੋਰ ਅਤੇ ਬਾਲਗ
- ਬੱਚੇ

ਜੇਕਰ ਤੁਸੀਂ ਗਰਭਵਤੀ ਹੋ, ਤਾਂ ਕਿਰਪਾ ਕਰਕੇ ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਮਿਲੋ। ਜੇਕਰ ਤੁਸੀਂ ਮਰਦ ਹੋ, ਤਾਂ ਕਿਰਪਾ ਕਰਕੇ ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਮਿਲੋ।

ਫਾਰਮਾਸਿਸਟ ਦੁਆਰਾ ਪਿਸ਼ਾਬ ਦੀ ਨਾਲੀ ਦੀਆਂ ਜਟਿਲ ਲਾਗਾਂ ਦਾ ਮੁਲਾਂਕਣ ਨਹੀਂ ਕੀਤਾ ਜਾ ਸਕਦਾ।

**ਯੀਸਟ ਇਨਫੈਕਸ਼ਨ (ਵੈਜੀਨਲ ਕੈਡੀਡਾਇਸਿਸ)**

- ਚਿੱਟੇ, ਕਾਟੇਜ ਪਨੀਰ ਵਰਗੇ ਡਿਸਚਾਰਜ ਦੇ ਨਾਲ ਯੋਨੀ ਦੀ ਖਾਰਸ਼, ਜਲਣ ਅਤੇ ਲਾਲੀ

ਵੈਜੀਨਲ ਯੀਸਟ ਇਨਫੈਕਸ਼ਨ ਬਾਰੇ ਪੜ੍ਹੋ

# ਗਰਭ ਨਿਰੋਧਕ ਪ੍ਰਾਪਤ ਕਰੋ (ਜਨਮ ਨਿਯੰਤਰਣ)

ਫਾਰਮਾਸਿਸਟ ਕਈ ਕਿਸਮਾਂ ਦੇ ਗਰਭ ਨਿਰੋਧ (ਜਨਮ ਨਿਯੰਤਰਣ) ਨਿਰਧਾਰਿਤ ਕਰ ਸਕਦੇ ਹਨ ਅਤੇ ਮੁਹੱਈਆ ਕਰ ਸਕਦੇ ਹਨ। ਭਾਵੇਂ ਤੁਹਾਡੇ ਕੋਲ ਕਿਸੇ ਫਾਰਮਾਸਿਸਟ ਜਾਂ ਹੋਰ ਸਿਹਤ ਸੰਭਾਲ ਪ੍ਰਦਾਤਾ ਤੋਂ ਪ੍ਰਿਸਕ੍ਰਿਪਸ਼ਨ ਹੋਵੇ, ਇਹ ਗਰਭ ਨਿਰੋਧਕ ਬੀ.ਸੀ. ਨਿਵਾਸੀਆਂ ਲਈ ਮੁਫ਼ਤ ਹਨ:

- ਪ੍ਰਿਸਕ੍ਰਿਪਸ਼ਨ ਵਾਲੀਆਂ ਜ਼ਿਆਦਾਤਰ ਗਰਭ ਨਿਰੋਧਕ ਗੋਲੀਆਂ
- ਇੰਟਰਾਯੂਟਰੀਨ ਯੰਤਰ (IUDs) - ਹਾਰਮੋਨਲ ਅਤੇ ਕਾਪਰ*
- ਹਾਰਮੋਨਲ ਇਮਪਲਾਂਟ*
- ਹਾਰਮੋਨਲ ਵੈਜੀਨਲ ਰਿੰਗ
- ਗਰਭ ਨਿਰੋਧਕ ਟੀਕਾ (ਫਾਰਮਾਸਿਸਟ ਲਗਾ ਸਕਦਾ ਹੈ)
- ਐਮਰਜੈਂਸੀ ਗਰਭ ਨਿਰੋਧ

*ਹਾਲਾਂਕਿ ਫਾਰਮਾਸਿਸਟ IUDs ਅਤੇ ਇਮਪਲਾਂਟ ਮੁਹੱਈਆ ਕਰ ਸਕਦਾ ਹੈ, ਉਨ੍ਹਾਂ ਨੂੰ ਲਗਾਉਣ ਲਈ ਤੁਹਾਨੂੰ ਡਾਕਟਰ ਜਾਂ ਕਲੀਨਿਕ ਨਾਲ ਮੁਲਾਕਾਤ ਦਾ ਪ੍ਰਬੰਧ ਕਰਨ ਦੀ ਜ਼ਰੂਰਤ ਹੋਏਗੀ।

ਗਰਭ ਨਿਰੋਧ (ਜਨਮ ਨਿਯੰਤਰਣ) ਬਾਰੇ ਪੜ੍ਹੋ।

ਅਪਾਇੰਟਮੈਂਟ ਬੁੱਕ ਕਰੋ

ਇਸ ਸੇਵਾ ਨੂੰ ਪ੍ਰਾਪਤ ਕਰਨ ਲਈ ਤੁਸੀਂ ਕਿਸੇ ਫਾਰਮੇਸੀ ਵਿਖੇ ਵੀ ਜਾ ਸਕਦੇ ਹੋ। ਪੇਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਅਪਾਇੰਟਮੈਂਟਾਂ ਦੀ ਉਪਲਬਧਤਾ, ਸਥਾਨ ਅਨੁਸਾਰ ਵੱਖ-ਵੱਖ ਹੋ ਸਕਦੀ ਹੈ।

---

# ਟੀਕਾਕਰਨ ਅਤੇ ਤਜਵੀਜ਼ ਕੀਤੀਆਂ ਦਵਾਈਆਂ ਦੇ ਟੀਕੇ ਪ੍ਰਾਪਤ ਕਰੋ

ਫਾਰਮਾਸਿਸਟ ਜ਼ਿਆਦਾਤਰ ਵੈਕਸੀਨਾਂ ਲਗਾ ਸਕਦੇ ਹਨ ਅਤੇ ਟੀਕੇ ਦੁਆਰਾ ਦਵਾਈਆਂ ਦੇ ਸਕਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਇਨਫਲੂਐਨਜ਼ਾ (ਫਲੂ), ਕੋਵਿਡ-19, ਸ਼ਿੰਗਲਜ਼, ਖਸਰਾ, ਨਮੂਨੀਆ, ਹਿਊਮਨ ਪੈਪੀਲੋਮਾਵਾਇਰਸ (HPV), ਟੈਟਨਸ ਅਤੇ ਹੋਰ ਬਹੁਤ ਕੁਝ
- ਸਿਹਤ ਸੰਭਾਲ ਪ੍ਰਦਾਤਾ ਦੁਆਰਾ ਤਜਵੀਜ਼ ਕੀਤੀਆਂ ਦਵਾਈਆਂ, ਜਿਵੇਂ ਕਿ B12 ਜਾਂ ਹਾਰਮੋਨ ਥੈਰੇਪੀ

ਵੈਕਸੀਨਾਂ ਦੀ ਉਪਲਬਧਤਾ ਅਤੇ ਉਨ੍ਹਾਂ ਲਈ ਯੋਗਤਾ ਉਮਰ ਅਤੇ ਜਨਤਕ ਫੰਡਿੰਗ ਦੇ ਮਾਪਦੰਡਾਂ ਅਨੁਸਾਰ ਵੱਖ-ਵੱਖ ਹੋ ਸਕਦੀ ਹੈ।

ਟੀਕਾਕਰਨ ਜਾਂ ਦਵਾਈ ਦੇ ਟੀਕੇ ਵਾਸਤੇ ਅਪਾਇੰਟਮੈਂਟ ਬੁੱਕ ਕਰਨ ਲਈ ਆਪਣੀ ਫਾਰਮੇਸੀ ਨੂੰ ਕਾਲ ਕਰੋ ਜਾਂ ਉਨ੍ਹਾਂ ਦੀ ਵੈੱਬਸਾਈਟ 'ਤੇ ਜਾਓ। ਤੁਸੀਂ ਵਿਅਕਤੀਗਤ ਤੌਰ 'ਤੇ ਵੀ ਅਪਾਇੰਟਮੈਂਟ ਬੁੱਕ ਕਰ ਸਕਦੇ ਹੋ।

ਫਲੂ ਅਤੇ ਕੋਵਿਡ ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਈ, ਬੀਸੀ ਦੇ ਸਾਹ ਦੀ ਬਿਮਾਰੀ ਵਾਲੇ ਪੰਨੇ 'ਤੇ ਜਾਓ।

---

# ਪ੍ਰਿਸਕ੍ਰਿਪਸ਼ਨ ਬਦਲੋ ਜਾਂ ਐਮਰਜੈਂਸੀ ਸਪਲਾਈ ਪ੍ਰਾਪਤ ਕਰੋ

ਫਾਰਮਾਸਿਸਟ ਅਕਸਰ ਤੁਹਾਡੀ ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰ ਸਕਦੇ ਹਨ ਜਾਂ ਬਦਲ ਸਕਦੇ ਹਨ। ਜੇਕਰ ਕੋਈ ਫਾਰਮਾਸਿਸਟ ਤੁਹਾਡੀ ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰਦਾ ਹੈ ਜਾਂ ਬਦਲਦਾ ਹੈ, ਤਾਂ ਤੁਹਾਡੇ ਲਈ ਉਸ ਨੂੰ ਉਸੇ ਫਾਰਮੇਸੀ ਦੀ ਲੋਕੇਸ਼ਨ ਤੋਂ ਪਿੱਕ ਅੱਪ ਕਰਨਾ ਜ਼ਰੂਰੀ ਹੈ।

## ਆਪਣੀ ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰੋ

ਫਾਰਮਾਸਿਸਟ ਤੁਹਾਡੀ ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰਨ ਯੋਗ ਹੋ ਸਕਦਾ ਹੈ ਜੇਕਰ:

- ਤੁਸੀਂ ਆਪਣੀਆਂ ਸਾਰੀ ਦਵਾਈ ਵਰਤ ਲਈ ਹੈ ਅਤੇ ਕੋਈ ਰੀਫਿਲਾਂ ਨਹੀਂ ਬਚੀਆਂ ਹਨ, ਅਤੇ
- ਤੁਹਾਡੀ ਹਾਲਤ ਸਥਿਰ ਹੈ, ਤੁਹਾਨੂੰ ਆਪਣੀ ਦਵਾਈ ਜਾਰੀ ਰੱਖਣ ਦੀ ਲੋੜ ਹੈ, ਅਤੇ ਤੁਸੀਂ ਉਸੀ ਖੁਰਾਕ 'ਤੇ ਉਹੀ ਦਵਾਈ ਲੈ ਰਹੇ ਹੋ (ਬਿਨਾਂ ਕਿਸੇ ਚਿੰਤਾ ਦੇ 3 ਤੋਂ 6 ਮਹੀਨੇ ਜਾਂ ਉਸ ਤੋਂ ਵੱਧ), ਅਤੇ
- ਤੁਹਾਡੀ ਪ੍ਰਿਸਕ੍ਰਿਪਸ਼ਨ ਪਿਛਲੇ 24 ਮਹੀਨਿਆਂ ਵਿੱਚ ਜਾਰੀ ਕੀਤੀ ਗਈ ਸੀ

ਫਾਰਮਾਸਿਸਟ ਇਹ ਨਹੀਂ ਕਰ ਸਕਦੇ:

- ਕੈਂਸਰ ਕੀਮੋਥੈਰੇਪੀ ਦੀਆਂ ਪ੍ਰਿਸਕ੍ਰਿਪਸ਼ਨਾਂ ਰੀਨਿਊ ਕਰਨਾ
- ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰਨਾ ਜੇਕਰ ਪ੍ਰਿਸਕ੍ਰਿਪਸ਼ਨ ਦੇਣ ਵਾਲੇ ਡਾਕਟਰ ਨੇ ਪ੍ਰਿਸਕ੍ਰਿਪਸ਼ਨ 'ਤੇ "ਰੀਨਿਊ/ਅਨੁਕੂਲ ਨਾ ਕਰੋ" ਲਿਖਿਆ ਹੈ

- ਨਸ਼ੀਲੇ ਪਦਾਰਥਾਂ (narcotics) ਅਤੇ ਨਿਯੰਤਰਿਤ ਦਵਾਈਆਂ ਲਈ ਪ੍ਰਿਸਕ੍ਰਿਪਸ਼ਨਾਂ 30 ਦਿਨਾਂ ਤੋਂ ਵੱਧ ਸਮੇਂ ਲਈ ਜਾਂ ਅਸਲ ਵਿੱਚ ਨਿਰਧਾਰਤ ਕੀਤੇ ਗਏ ਸਮੇਂ ਦੀ ਮਾਤਰਾ, ਜੋ ਵੀ ਵੱਧ ਹੋਵੇ, ਲਈ ਰੀਨਿਊ ਕਰਨਾ

## ਆਪਣੀ ਪ੍ਰਿਸਕ੍ਰਿਪਸ਼ਨ ਬਦਲੋ

ਫਾਰਮਾਸਿਸਟ ਤੁਹਾਡੀ ਪ੍ਰਿਸਕ੍ਰਿਪਸ਼ਨ ਵਾਲੀ ਖੁਰਾਕ, ਰੂਪ (ਉਦਾਹਰਣ ਵਜੋਂ, ਟੈਬਲੇਟ, ਕੈਪਸੂਲ), ਰੇਜੀਮੇਨ (regimen), ਨੂੰ ਬਦਲ ਸਕਦਾ ਹੈ, ਜਾਂ ਉਸਨੂੰ ਕਿਸੇ ਸਮਾਨ ਦਵਾਈ ਨਾਲ ਬਦਲ ਸਕਦਾ ਹੈ।

ਫਾਰਮਾਸਿਸਟ ਕਿਸੇ ਨਸ਼ੀਲੇ ਪਦਾਰਥ, ਨਿਯੰਤਰਿਤ ਦਵਾਈ ਜਾਂ ਨਿਸ਼ਾਨਾਬੱਧ ਪਦਾਰਥ ਦੀ ਪ੍ਰਿਸਕ੍ਰਿਪਸ਼ਨ ਦੀ ਖੁਰਾਕ, ਰੂਪ ਜਾਂ ਰੇਜੀਮੇਨ ਬਦਲ ਸਕਦਾ ਹੈ, ਜੇਕਰ ਉਹ ਅਸਲ ਪ੍ਰਿਸਕ੍ਰਿਪਸ਼ਨ ਤੋਂ ਵੱਧ ਨਹੀਂ ਦਿੰਦੇ ਹਨ।

ਫਾਰਮਾਸਿਸਟ ਇੰਨ੍ਹਾਂ ਨੂੰ ਨਹੀਂ ਬਦਲ ਸਕਦੇ:

- ਕੈਂਸਰ ਕੀਮੋਥੈਰੇਪੀ ਏਜੰਟ ਲਈ ਪ੍ਰਿਸਕ੍ਰਿਪਸ਼ਨ
- ਅਜਿਹੀ ਪ੍ਰਿਸਕ੍ਰਿਪਸ਼ਨ ਜੋ 2 ਸਾਲ ਤੋਂ ਵੱਧ ਸਮਾਂ ਪਹਿਲਾਂ ਲਿਖੀ ਗਈ ਸੀ
- ਪ੍ਰਿਸਕ੍ਰਿਪਸ਼ਨ ਜੇਕਰ ਪ੍ਰਿਸਕ੍ਰਿਪਸ਼ਨ ਦੇਣ ਵਾਲੇ ਡਾਕਟਰ ਨੇ ਪ੍ਰਿਸਕ੍ਰਿਪਸ਼ਨ 'ਤੇ "ਰੀਨਿਊ/ਅਨੁਕੂਲ ਨਾ ਕਰੋ" ਲਿਖਿਆ ਹੈ
- ਪਸ਼ੂਆਂ ਦੇ ਡਾਕਟਰ ਤੋਂ ਪ੍ਰਿਸਕ੍ਰਿਪਸ਼ਨ

## ਐਮਰਜੈਂਸੀ ਸਪਲਾਈ ਪ੍ਰਾਪਤ ਕਰੋ

ਜੇਕਰ ਤੁਹਾਡੀ ਅਜਿਹੀ ਦਵਾਈ ਗੁੰਮ ਹੋ ਗਈ ਹੈ ਜਾਂ ਖਤਮ ਹੋ ਗਈ ਹੈ ਜਿਸਦੀ ਤੁਹਾਨੂੰ ਤੁਰੰਤ ਲੋੜ ਹੈ, ਤਾਂ ਫਾਰਮੇਸੀ ਤੁਹਾਡੇ ਦੁਆਰਾ ਆਪਣੀ ਪ੍ਰਿਸਕ੍ਰਿਪਸ਼ਨ ਵਿੱਚ ਲਿਖੀ ਦਵਾਈ ਲੈ ਲੈਣ ਤੱਕ ਥੋੜ੍ਹੇ ਸਮੇਂ ਲਈ ਐਮਰਜੈਂਸੀ ਸਪਲਾਈ ਮੁਹੱਈਆ ਕਰ ਸਕਦੀ ਹੈ।

ਪ੍ਰਿਸਕ੍ਰਿਪਸ਼ਨਾਂ ਲਿਖੇ ਜਾਣ ਦੀ ਮਿਤੀ ਤੋਂ 2 ਸਾਲਾਂ ਤੱਕ ਵੈਧ ਹੁੰਦੀਆਂ ਹਨ। ਜੇ ਤੁਹਾਡੀ ਦਵਾਈ ਖਤਮ ਹੋ ਗਈ ਹੈ ਅਤੇ ਤੁਹਾਡੀ ਪ੍ਰਿਸਕ੍ਰਿਪਸ਼ਨ 2 ਸਾਲ ਤੋਂ ਵੱਧ ਸਮਾਂ ਪਹਿਲਾਂ ਲਿਖੀ ਗਈ ਸੀ ਤਾਂ ਤੁਹਾਡਾ ਫਾਰਮਾਸਿਸਟ ਉਦੋਂ ਤੱਕ ਐਮਰਜੈਂਸੀ ਸਪਲਾਈ ਪ੍ਰਦਾਨ ਕਰਨ ਦੇ ਯੋਗ ਹੋ ਸਕਦਾ ਹੈ ਜਦੋਂ ਤੱਕ ਤੁਸੀਂ ਡਾਕਟਰ ਜਾਂ ਪ੍ਰਿਸਕ੍ਰਿਪਸ਼ਨ ਦੇਣ ਵਾਲੇ ਕਿਸੇ ਹੋਰ ਵਿਅਕਤੀ ਤੋਂ ਨਵੀਂ ਪ੍ਰਿਸਕ੍ਰਿਪਸ਼ਨ ਪ੍ਰਾਪਤ ਨਹੀਂ ਕਰ ਲੈਂਦੇ।

---

# ਆਪਣੀਆਂ ਦਵਾਈਆਂ ਦੀ ਸਮੀਖਿਆ ਅਤੇ ਪ੍ਰਬੰਧਨ ਕਰੋ

ਜਦੋਂ ਤੁਸੀਂ ਪ੍ਰਿਸਕ੍ਰਿਪਸ਼ਨ ਵਿੱਚ ਲਿਖੀਆਂ ਦਵਾਈਆਂ ਲੈਂਦੇ ਹੋ, ਤਾਂ ਫਾਰਮਾਸਿਸਟ ਤੁਹਾਡੀਆਂ ਦਵਾਈਆਂ ਦੀ ਸਮੀਖਿਆ ਕਰਦਾ ਹੈ ਅਤੇ ਸੰਭਾਵੀ ਦਵਾਈਆਂ ਦੇ ਪਰਸਪਰ ਪ੍ਰਭਾਵ ਅਤੇ ਮਾੜੇ ਪ੍ਰਭਾਵਾਂ 'ਤੇ ਵਿਚਾਰ ਕਰਦਾ ਹੈ।

ਤੁਸੀਂ ਉਨ੍ਹਾਂ ਨਾਲ ਆਪਣੀਆਂ ਪ੍ਰਿਸਕ੍ਰਿਪਸ਼ਨਾਂ ਜਾਂ ਆਪਣੀ ਸਿਹਤ ਬਾਰੇ ਕੋਈ ਵੀ ਚਿੰਤਾਵਾਂ ਬਾਰੇ ਗੱਲ ਕਰ ਸਕਦੇ ਹੋ।

# ਬੀਸੀ ਫਾਰਮਾਕੇਅਰ ਦੇ ਅਧੀਨ ਕਵਰੇਜ ਪ੍ਰਾਪਤ ਕਰੋ

ਬੀਸੀ ਫਾਰਮਾਕੇਅਰ ਜ਼ਿਆਦਾਤਰ ਉਪਰੋਕਤ ਸੇਵਾਵਾਂ ਲਈ ਫਾਰਮਾਸਿਸਟਾਂ ਨੂੰ ਫੀਸ ਦਿੰਦਾ ਹੈ।

ਬੀਸੀ ਫਾਰਮਾਕੇਅਰ ਕੋਲ 13 ਯੋਜਨਾਵਾਂ ਹਨ ਜੋ ਬੀ.ਸੀ. ਨਿਵਾਸੀਆਂ ਨੂੰ ਯੋਗ ਪ੍ਰਿਸਕ੍ਰਿਪਸ਼ਨਾਂ, ਮੈਡੀਕਲ ਉਪਕਰਣਾਂ ਅਤੇ ਫਾਰਮੇਸੀ ਸੇਵਾਵਾਂ ਲਈ ਭੁਗਤਾਨ ਕਰਨ ਵਿੱਚ ਮਦਦ ਕਰਦੀਆਂ ਹਨ।

ਫੇਅਰ ਫਾਰਮਾਕੇਅਰ ਪਲਾਨ ਆਮਦਨ 'ਤੇ ਆਧਾਰਿਤ ਹੈ। ਤੁਹਾਡੀ ਪਰਿਵਾਰਕ ਆਮਦਨ ਜਿੰਨੀ ਘੱਟ ਹੋਵੇਗੀ, ਤੁਹਾਨੂੰ ਓਨੀ ਹੀ ਜ਼ਿਆਦਾ ਮਦਦ ਮਿਲੇਗੀ। ਸਾਰੇ ਬੀ.ਸੀ. ਨਿਵਾਸੀਆਂ ਨੂੰ ਫੇਅਰ ਫਾਰਮਾਕੇਅਰ ਲਈ ਰਜਿਸਟਰ ਕਰਨ ਵਾਸਤੇ ਉਤਸ਼ਾਹਿਤ ਕੀਤਾ ਜਾਂਦਾ ਹੈ।

ਤੁਸੀਂ ਕਿਹੜੀਆਂ ਬੀਸੀ ਫਾਰਮਾਕੇਅਰ ਯੋਜਨਾਵਾਂ ਲਈ ਯੋਗ ਹੋ ਸਕਦੇ ਹੋ, ਅਗਲੇ ਕਦਮਾਂ ਅਤੇ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰਨੀ ਹੈ ਬਾਰੇ ਜਾਣਨ ਲਈ ਇੰਟਰਐਕਟਿਵ ਫਾਰਮਾਕੇਅਰ ਕਵਰੇਜ ਕੰਪਾਸ ਦੀ ਵਰਤੋਂ ਕਰੋ।

## ਆਪਣਾ ਪ੍ਰਿਸਕ੍ਰਿਪਸ਼ਨ ਇਤਿਹਾਸ ਦੇਖੋ

ਤੁਸੀਂ ਹੈਲਥ ਗੇਟਵੇ ਐਪ ਰਾਹੀਂ 1995 ਤੱਕ ਦੇ ਆਪਣੇ ਬੀ.ਸੀ. ਪ੍ਰਿਸਕ੍ਰਿਪਸ਼ਨ ਰਿਕਾਰਡਾਂ ਤੱਕ ਪਹੁੰਚ ਕਰ ਸਕਦੇ ਹੋ।

---

# ਮੇਰੇ ਕੁਝ ਸਵਾਲ ਹਨ

ਆਪਣੀ ਸਿਹਤ ਜਾਂ ਆਪਣੇ ਨੇੜੇ ਸੇਵਾਵਾਂ ਬਾਰੇ ਸਵਾਲਾਂ ਲਈ, ਹੈਲਥਲਿੰਕ ਬੀਸੀ ਨਾਲ ਸੰਪਰਕ ਕਰੋ, ਜੋ ਕਿ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ।

- 8-1-1
- 711 (ਟੈਲੀਟਾਈਪਰਾਈਟਰ (TTY) ਰੀਲੇਅ ਸੇਵਾ)

ਮਾਮੂਲੀ ਬਿਮਾਰੀਆਂ ਅਤੇ ਗਰਭ ਨਿਰੋਧ ਸੇਵਾਵਾਂ ਬਾਰੇ ਸਵਾਲਾਂ, ਅਤੇ ਅਪਾਇੰਟਮੈਂਟ ਬੁੱਕ ਕਰਨ ਵਿੱਚ ਮਦਦ ਲਈ, ਸਰਵਿਸ ਬੀਸੀ ਨਾਲ ਸੰਪਰਕ ਕਰੋ, ਜੋ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 4:30 ਵਜੇ ਤੱਕ ਉਪਲਬਧ ਹੈ।

- 1-833-882-0022

ਨੋਟ: ਸਰਵਿਸ ਬੀਸੀ ਏਜੰਟ ਖਾਸ ਮੈਡੀਕਲ ਸਥਿਤੀਆਂ ਜਾਂ ਇਲਾਜ ਬਾਰੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦੇ।

**ਅਨੁਵਾਦਕ ਉਪਲਬਧ ਹਨ।**

ਟੈਲੀਫ਼ੋਨ: 711ਵੀਡੀਓ ਰੀਲੇਅ ਸਰਵਿਸਿਜ਼ (VRS) ਸਾਇਨ ਲੈਂਗੁਏਜ ਵਿਆਖਿਆ ਬਹਿਰੇ, ਸੁਣਨ ਵਿੱਚ ਮੁਸ਼ਕਲਾਂ ਵਾਲੇ ਜਾਂ ਬੋਲਣ ਸੰਬੰਧੀ ਵਿਕਾਰ ਵਾਲੇ ਲੋਕਾਂ ਲਈ ਮੁਫ਼ਤ ਹਨ।